# ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ

ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਪਿੰਡ ਵਿੱਚ ਗ਼ਰੀਬ ਕਿਸਾਨ ਰਹਿੰਦਾ ਸੀ।



ਉਹ ਦਿਨ ਰਾਤ ਮਿਹਨਤ ਕਰਦਾ ਪਰ ਦੀ ਉਸਦੀ ਹਾਲਤ ਮਾੜੀ ਹੀ ਰਹਿੰਦੀ ਸੀ।



ਇੱਕ ਦਿਨ ਉਸ ਨੇ ਉਸ ਨੇ ਕੁੱਝ ਮੁਰਗੀਆਂ ਖਰੀਦੀਆਂ। ਉਨ੍ਹਾਂ ਮੁਰਗੀਆਂ ਨੇ ਜਦੋਂ ਆਂਡੇ ਦਿੱਤੇ



ਤਾਂ ਉਸ ਵਿੱਚੋਂ ਇੱਕ ਮੁਰਗੀ ਦੇ ਆਂਡੇ ਸੋਨੇ ਦੇ ਸਨ।



ਇਹ ਦੇਖ ਕੇ ਕਿਸਾਨ ਬਹੁਤ ਖ਼ੁਸ਼ ਹੋਇਆ।



ਇਸ ਤਰ੍ਹਾਂ ਉਹ ਮੁਰਗੀ ਸੋਨੇ ਦਾ ਹਰ ਰੋਜ਼ ਸੋਨੇ ਦਾ ਇੱਕ ਆਂਡਾ ਦੇਣ ਲੱਗੀ, ਜਿਸ ਨੂੰ ਵੇਚ ਕੇ ਕਿਸਾਨ ਬਹੁਤ ਅਮੀਰ ਹੋ ਗਿਆ।



ਹੁਣ ਉਸ ਨੇ ਮਿਹਨਤ ਕਰਨੀ ਛੱਡ ਦਿੱਤੀ ਅਤੇ ਦਿਨ ਪ੍ਰਤੀ ਦਿਨ ਅਮੀਰ ਹੋਣ ਬਾਰੇ ਸੋਚਣ ਲੱਗਿਆ। ਉਸ ਨੇ ਸੋਚਿਆ ਕਿ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਤੇ ਪੇਟ ਵਿੱਚ ਬਹੁਤ ਸਾਰੇ ਸੋਨੇ ਦੇ ਆਂਡੇ ਹੋਣਗੇ। ਉਹ ਇੱਕ ਵਾਰ ਵਿੱਚ ਹੀ ਮੁਰਗੀ ਦੇ ਪੇਟ ਵਿੱਚੋਂ ਸਾਰੇ ਸੋਨੇ ਦੇ ਆਂਡੇ ਕੱਢਣ ਬਾਰੇ ਸੋਚਣ ਲੱਗਾ। ਇਸ ਤਰ੍ਹਾਂ ਉਹ ਇੱਕ ਵਾਰ ਵਿੱਚ ਹੀ ਕਰੋੜਪਤੀ ਬਣ ਜਾਵੇਗਾ।



ਲਾਲਚ ਵਿੱਚ ਆ ਕੇ ਉਸ  ਚਾਕੂ ਨਾਲ  ਮੁਰਗੀ ਦਾ ਪੇਟ ਚੀਰ ਦਿੱਤਾ ਤੇ ਮੁਰਗੀ ਮਰ ਗਈ।



ਪਰ ਉਸਦੇ ਪੇਟ ਵਿੱਚੋਂ ਖ਼ੂਨ ਤੋਂ ਇਲਾਵਾ ਕੁੱਝ ਨਾ ਨਿਕਲਿਆ।



ਕਿਸਾਨ ਬਹੁਤ ਪਛਤਾਇਆ ਪਰ ਹੁਣ ਕੁੱਝ ਵੀ ਨਹੀਂ ਹੋ ਸਕਦਾ ਸੀ।



ਸਿੱਖਿਆ :- ਲਾਲਚ ਬੁਰੀ ਬਲਾ ਹੈ

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸ.ਹ.ਸ. ਭਿੰਡੀ ਔਲਖ ( ਅੰਮ੍ਰਿਤਸਰ )